੧ ੴ

ਬਾਲ ਬਗ਼ੀਚਾ

ਕਿਆਰੀ ਦੂਜੀ — ਫੁੱਲ ਚੌਥਾ

G 245

# ਪਰੀਆਂ ਦਾ ਖੂਹ

ਲੇਖਕ

ਭਾਈ ਰਾਜਿੰਦਰ ਸਿੰਘ ਗਿਆਨੀ ਬੀ. ਏ.

ਪਰਕਾਸ਼ਕ

ਪੰਜਾਬੀ ਕਿਤਾਬ ਘਰ

ਅੰਮ੍ਰਿਤਸਰ

ਜੂਨ ੧੯੩੪

ਪਹਿਲੀ ਵਾਰ ੧੦੦੦ ਮੁਲ ≡)

# ਪਰੀਆਂ ਦਾ ਖੂਹ

## ਕਾਂਡ ਪਹਿਲਾ

ਜੁਗ ਵਾਰੇ ਹੋਏ ਚਮਚਮ ਦੇਸ ਵਿੱਚ ਧਨੂੰ ਦੀ ਵਾਹੀ ਸੀ। ਕੱਲਾ ਹੀ ਸੀ। ਖੇਤਾਂ ਵਿਚ ਹੀ ਘਰ ਸੀ। ਉਸਦੀ ਘਰ ਵਾਲੀ ਦਾ ਨਾਂ ਸੰਮੀ ਸੀ। ਸੰਮੀ ਉਸ ਦੇ ਕੰਮ ਵਿਚ ਉਸ ਦਾ ਹੱਥ ਵਟਾਉਂਦੀ। ਧਨੂੰ ਹਲ ਵਾਹੁੰਦਾ ਤਾਂ ਸੰਮੀ ਕੇਰਾ ਕੇਰਦੀ। ਇਕ ਵੇਲੇ ਪੱਠੇ ਵਢ ਛਡਦੀ। ਢੋਰਾਂ ਨੂੰ ਪਾਣੀ ਡਾਹ ਲਿਆਉਂਦੀ। ਹੇਣੂਆਂ ਨੂੰ ਜੂਹ ਵਿਚ ਫੇਰ ਲਿਆਉਂਦੀ। ਰੋਟੀ ਟੁੱਕਰ ਉਹ ਸਵੇਰੇ ਹੀ ਕਰ ਲੈਂਦੀ ਤੇ ਬਾਹਰ ਚਲੀ ਜਾਂਦੀ। ਓਧਰੋਂ ਸ਼ਾਮ ਨੂੰ ਰਤਾ ਸਵੇਰੇ ਹੀ ਘਰ ਮੁੜ ਕੇ ਆ ਜਾਂਦੀ ਤੇ ਧਨੂੰ ਦੇ ਬਾਹਰੋਂ ਆਉਂਦਿਆਂ ਨੂੰ ਚੁਲ੍ਹਾ ਚੌਂਕਾ ਕਰ ਲੈਂਦੀ। ਦੋਵੇਂ ਜੀ ਬੜੇ ਪ੍ਰੇਮ ਨਾਲ ਰਹਿੰਦੇ। ਬੜੇ ਖੁਸ਼ ਸਨ। ਦੋ ਉਨ੍ਹਾਂ ਦੀਆਂ ਧੀਆਂ ਸਨ। ਇਕ ਦਾ ਨਾਂ ਰਾਣੀ ਸੀ, ਦੂਜੀ ਦਾ ਗੋਲੀ। ਪੁੱਤਰ ਦੁਨੂੰ ਅਜੇ ਬਹੁਤ ਛੋਟਾ ਸੀ।

ਰਾਣੀ ਬੜੀ ਸੁਲੱਗ ਸੀ । ਸੰਮੀ ਦਾ ਜੀ ਉਹਦੇ ਵੱਲੋਂ ਸੁਖੀ ਸੀ । ਗੋਲੀ ਅਮੋੜ ਸੀ । ਸੰਮੀ ਨੂੰ ਚੱਤੇ ਪਹਿਰ ਉਸ ਦੀ ਚਿੰਤਾ ਰਹਿੰਦੀ ਕਿ ਆਖ਼ਰ ਨੂੰ ਇਕ ਦਿਨ ਇਸ ਡੋਲੇ ਪੈ ਕੇ ਬਗਾਨੇ ਘਰ ਜਾਣਾ ਹੈ ਤੇ ਇਹ ਨੂੰ ਚਜ ਕੋਈ ਨਾ ਆਇਆ ਤਾਂ ਅੱਗੇ ਜਾ ਕੇ ਕੀ ਕਰੇਗੀ । ਵੇਖਣ ਨੂੰ ਮੂੰਹ ਚਿਤ ਲਗਦੀ ਹੈ ਪਰ ਦੁਨੀਆਂ ਵਿਚ ਕੰਮ ਪਿਆਰਾ ਹੈ, ਚੰਮ ਨਹੀਂ । ਚਾਰ ਗੁਣ ਇਹਦੇ ਢਿੱਡ ਵਿੱਚ ਨਾ ਪਏ ਤਾਂ ਮੈਨੂੰ ਭੀ ਨਮੋਸ਼ੀ ਤੇ ਇਹ ਭੀ ਦੁਖੀ । ਇਹਨਾਂ ਸੋਚਾਂ ਨੂੰ ਲੈ ਕੇ ਉਹ ਗੋਲੀ ਨੂੰ ਪਿਆਰ ਨਾਲ, ਝਿੜਕ ਨਾਲ ਜਿਸ ਤਰ੍ਹਾਂ ਬਣ ਪਵੇ ਕੰਮ ਵਿੱਚ ਲਾਉਂਦੀ ਪਰ ਗੋਲੀ ਪੂਰੀ ਪੂਰੀ ਬਹਾਨੇਖੋਰ ਸੀ, ਥੋੜ੍ਹੇ ਕੀਤੇ ਕਿਸੇ ਕੰਮ ਨੂੰ ਚਿੱਤ ਨਾ ਡਾਹੁੰਦੀ ।

ਮਾਂ ਕਹਿੰਦੀ ਜੇ ਬਿੱਲੋ ਨੂੰ ਦੁਧ ਪਾ ਤਾਂ ਅੱਗੋਂ ਜਵਾਬ ਦੇਂਦੀ ਕਿ ਕਾਹਦੇ ਵਿੱਚ ਪਾਵਾਂ ? ਕਿੱਥੋਂ ਪਾਵਾਂ ? ਮੈਨੂੰ ਕੀ ਪਤਾ ਉਸ ਕਿੰਨਾ ਪੀਣਾ ਹੈ ? ਵੇਖਾਂ ਮੇਰੇ ਹੱਥ ਨੂੰ ਕਲ੍ਹ ਨਹੁੰਦਰ ਮਾਰੀ ਸਾ ਸੂ, ਮੈਥੋਂ ਨਹੀਂ ਉਸ ਨੂੰ ਦੁਧ ਪਾਈਦਾ । ਰਾਣੀ ਨੂੰ ਆਖ ਆਪੇ ਉਹ



ਪਾਏਗੀ ਸੂ । ਮੈਂ ਜੱਸੀ ਦੇ ਘਰ ਚੱਲੀ ਹਾਂ । ਅਜ ਮੇਰੇ ਗੁੱਡੇ ਦਾ ਉਹਦੀ ਗੁੱਡੀ ਨਾਲ ਵਿਆਹ ਹੈ ।

ਕੁੱਕੋ ਤੇ ਉਸ ਦੇ ਚੂਚਿਆਂ ਨੂੰ ਚੋਗਾ ਪਾਉਂਦੀ ਤਾਂ ਕਿਸੇ ਦਿਨ ਏਨਾ ਥੋੜਾ ਪਾ ਦੇਂਦੀ ਕਿ ਵਿਚਾਰੇ ਭੁੱਖੇ ਮਰ ਰਹਿੰਦੇ ਤੇ ਕਿਸੇ ਦਿਨ ਏਨਾ ਬਹੁਤਾ ਪਾ ਦੇਂਦੀ ਕਿ ਫੁੱਟਣ ਨੂੰ ਹੋ ਜਾਂਦੇ । ਏਸੇ ਕਰ ਕੇ ਕੁੱਕੋ ਉਹਦੇ ਤੇ ਨਰਾਜ਼ ਰਹਿੰਦੀ । ਚੋਗਾ ਪਾਉਣ ਲਗਦੀ ਤਾਂ ਉਸ ਦੇ ਹੱਥ ਨੂੰ ਐਸਾ ਠੂੰਗਾ ਮਾਰਦੀ ਕਿ ਲਹੂ ਨਿਕਲ ਆਉਂਦਾ । ਰੋਂਦੀ ਰੋਂਦੀ ਮਾਂ ਕੋਲ ਜਾਂਦੀ । ਅੱਗੋਂ ਮਾਂ ਉਸ ਨੂੰ ਸਮਝਾਉਂਦੀ ਕਿ ਧੀਏ ਗੋਲੀਏ ਕੀ ਗੱਲ ਹੈ ? ਇਹੋ ਕੁੱਕੋ ਰਾਣੀ ਨੂੰ ਕੁਝ ਨਹੀਂ ਕਹਿੰਦੀ ਤੇ ਤੈਨੂੰ ਠੂੰਗੇ ਮਾਰਦੀ ਹੈ । ਬਿੱਲੋ ਤੈਨੂੰ ਨਹੁੰਦਰਾਂ ਮਾਰਦੀ ਹੈ । ਇਹਨਾਂ ਨੂੰ ਚੋਗਾ ਜਾਂ ਦੁਧ ਪਾਉਂਦੀ ਹੈਂ ਤਾਂ, ਜਾਪਦਾ ਹੈ, ਤੇਰੇ ਦਿਲ ਵਿਚ ਉਸ ਵੇਲੇ ਇਹਨਾਂ ਦਾ ਪਿਆਰ ਨਹੀਂ ਹੁੰਦਾ । ਤੂੰ ਗਲ ਪਿਆ ਢੋਲ ਵਜਾਉਂਦੀ ਹੈਂ । ਇਹਨਾਂ ਨਾਲ ਪਿਆਰ ਕਰੇਂ ਤੇ ਦਰਦ ਨਾਲ ਇਹਨਾਂ ਨੂੰ ਖੁਆਏਂ ਪਿਆਏਂ ਤਾਂ ਤੈਨੂੰ ਪਤਾ ਲਗੇ ਕਿ ਇਹ ਕਿਸ ਗੱਲੇ ਰਾਜ਼ੀ ਹੁੰਦੀਆਂ ਹਨ । ਨਾ ਤੂੰ ਚੇਤਾ ਕਰ ਕੇ ਇਹਨਾਂ ਨੂੰ ਸ਼ੌਂਕ ਨਾਲ ਖੁਆਉਂਦੀ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.